# ਪ੍ਰੈਸ ਨੋਟ

ਸ੍ਰੀ ਰਾਜਬਚਨ ਸਿੰਘ ਸੰਧੂ PPS /ਐਸ.ਐਸ.ਪੀ. ਲੁਧਿਆਣਾ (ਦਿਹਾਤੀ) ਜੀ ਦੇ ਹੁਕਮਾ ਨਾਲ ਮਾੜੇ ਅਨਸਰਾਂ ਅਤੇ ਨਸ਼ਾ ਸਮੱਗਲਰਾ ਖਿਲਾਫ ਸਖਤ ਕਾਰਵਾਈ ਹਿੱਤ ਚਲਾਈ ਮੁਹਿੰਮ ਨੂੰ ਉਦੋਂ ਸਫਲਤਾ ਮਿਲੀ, ਜਦੋਂ ਸ੍ਰੀ ਗੁਰਦੀਪ ਸਿੰਘ PPS ਐਸ.ਪੀ.(ਡੀ) ਜਗਰਾਂਉ ਅਤੇ ਸ੍ਰੀ ਅਨਿਲ ਕੁਮਾਰ ਭਨੋਟ PPS ਡੀ.ਐਸ.ਪੀ. (ਡੀ) ਜੀ ਦੀਆਂ ਹਦਾਇਤਾਂ ਅਨੁਸਾਰ ਜੇਰ ਨਿਗਰਾਨੀ ਇੰਸਪੈਕਟਰ ਪ੍ਰੇਮ ਸਿੰਘ ਇੰਚਾਰਜ ਸਪੈਸ਼ਲ ਬ੍ਰਾਂਚ ਜਿਲਾ ਲੁਧਿਆਣਾ (ਦਿਹਾਤੀ) ਦੇ ਮਿਤੀ 20.12.2021 ਨੂੰ ਏ.ਐਸ.ਆਈ. ਮਨਜੀਤ ਕੁਮਾਰ ਸਮੇਤ ਪੁਲੀਸ ਪਾਰਟੀ ਦੇ ਦੇ ਬਾ-ਸਿਲਸਿਲਾ ਗਸਤ ਬਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਬੱਸ ਸਟੈਂਡ ਪਿੰਡ ਭੂੰਦੜੀ ਮੌਜੂਦ ਸੀ ਤਾਂ ਏ.ਐਸ.ਆਈ. ਮਨਜੀਤ ਕੁਮਾਰ ਪਾਸ ਮੁਖਬਰ ਖਾਸ ਨੇ ਆ ਕੇ ਅਲਹਿਦਗੀ ਵਿੱਚ ਇਤਲਾਹ ਦਿੱਤੀ ਕਿ ਬੂਟਾ ਸਿੰਘ ਉਰਫ ਬੂਟੀ ਪੁੱਤਰ ਬੱਗਾ ਸਿੰਘ ਵਾਸੀ ਕੁਲ ਗਹਿਣਾ, ਜਿਲਾ ਲੁਧਿਆਣਾ ਅੱਜ ਮੋਟਰਸਾਈਕਲ ਮਾਰਕਾ ਪਲਸਰ ਨੰਬਰ PB-10-EA-3251 ਪਰ ਸਵਾਰ ਹੋ ਕੇ ਆਪਣੇ ਪਿੰਡ ਕੁਲ ਗਹਿਣਾ ਤੋਂ ਪਿੰਡ ਭੂੰਦੜੀ ਵੱਲ ਨੂੰ ਆ ਰਿਹਾ ਹੈ। ਜੇਕਰ ਇਸੇ ਜਗ੍ਹਾ ਪਰ ਨਾਕਾਬੰਦੀ ਕੀਤੀ ਜਾਵੇ ਤਾਂ ਬੂਟਾ ਸਿੰਘ ਉਰਫ ਬੂਟੀ ਉਕਤ ਹੈਰੋਇਨ ਸਮੇਤ ਮੋਟਰਸਾਈਕਲ ਮਾਰਕਾ ਪਲਸਰ ਉਕਤ ਦੇ ਰੰਗੇ ਹੱਥੀ ਕਾਬੂ ਆ ਸਕਦਾ ਹੈ ਜੋ ਮੁਖਬਰ ਖਾਸ ਦੀ ਇਤਲਾਹ ਸੱਚੀ ਤੇ ਭਰੋਸੇਯੋਗ ਹੋਣ ਕਰਕੇ ਬੂਟਾ ਸਿੰਘ ਉਰਫ ਬੂਟੀ ਉਕਤ ਵੱਲੋਂ ਅਜਿਹਾ ਕਰਨਾ ਜੁਰਮ 21-25/61/85 NDPS ਐਕਟ ਦੀ ਤਾਰੀਫ ਨੂੰ ਪੂਰਾ ਕਰਦਾ ਹੋਣ ਕਰਕੇ ਏ.ਐਸ.ਆਈ. ਮਨਜੀਤ ਕੁਮਾਰ ਨੇ ਮੁਕੱਦਮਾ ਨੰਬਰ 207 ਮਿਤੀ 20.12.2021 ਜੁਰਮ 21-25/61/85 ਐਕਟ ਥਾਣਾ ਸਿੱਧਵਾਂ ਬੇਟ ਦਰਜ ਰਜਿਸਟਰ ਕਰਵਾਇਆ ਜਿਸਦੀ ਤਫਤੀਸ਼ ਦੌਰਾਨ ਏ.ਐਸ.ਆਈ. ਪਹਾੜਾ ਸਿੰਘ ਨੇ ਸਮੇਤ ਪੁਲੀਸ ਪਾਰਟੀ ਦੇ ਦੌਰਾਨੇ ਨਾਕਾਬੰਦੀ ਬੂਟਾ ਸਿੰਘ ਉਰਫ ਬੂਟੀ ਨੂੰ ਸਮੇਤ ਮੋਟਰਸਾਈਕਲ ਪਲਸਰ ਦੇ ਕਾਬੂ ਕਰਕੇ ਉਸ ਪਾਸੋਂ 22 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਦੋਸ਼ੀ ਬੂਟਾ ਸਿੰਘ ਉਰਫ ਬੂਟੀ ਨੂੰ ਕੋਰਟ ਤੋਂ ਰਿਮਾਂਡ ਲੈਣ ਉਪਰੰਤ ਹੋਰ ਪੁੱਛਗਿੱਛ ਤੇ ਤਫਤੀਸ ਕੀਤੀ ਜਾਵੇਗੀ, ਜਿਸ ਪਾਸੋ ਹੋਰ ਬ੍ਰਾਮਦਗੀ ਹੋਣ ਦੀ ਆਸ ਹੈ। ਬੂਟਾ ਸਿੰਘ ਉਕਤ ਖਿਲਾਫ ਪਹਿਲਾ ਵੀ 02 ਮੁਕੱਦਮੇ ਦਰਜ ਹਨ ਜੋ ਅਦਾਲਤ ਵਿੱਚ ਚੱਲਦੇ ਹਨ।

ਮੁਕੱਦਮਾ ਨੰਬਰ 207 ਮਿਤੀ 20.12.2021 ਜੁਰਮ 21-25/61/85 ਐਕਟ ਥਾਣਾ ਸਿੱਧਵਾਂ ਬੇਟ

ਦੋਸ਼ੀ:- ਬੂਟਾ ਸਿੰਘ ਉਰਫ ਬੂਟੀ ਪੁੱਤਰ ਬੱਗਾ ਸਿੰਘ ਵਾਸੀ ਕੁਲ ਗਹਿਣਾ, ਥਾਣਾ ਸਿੱਧਵਾਂ ਬੇਟ, ਜਿਲਾ ਲੁਧਿਆਣਾ (ਗ੍ਰਿਫਤਾਰ)

ਬਰਾਮਦਗੀ:- 22 ਗ੍ਰਾਮ ਹੈਰੋਇਨ